# Visit of Minister of State for External Affairs to Georgia and Kazakhstan (October 10-13, 2022)

October 07, 2022

……………………..

## ਵਿਦੇਸ਼ ਰਾਜ ਮੰਤਰੀ ਵੱਲੋਂ ਜਾਰਜੀਆ ਅਤੇ ਕਜ਼ਾਕਿਸਤਾਨ ਦਾ ਦੌਰਾ (10-13 ਅਕਤੂਬਰ, 2022)

### 7 ਅਕਤੂਬਰ, 2022

1. ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਡਾ. ਮੀਨਾਕਸ਼ੀ ਲੇਖੀ (MoS) 10-11 ਅਕਤੂਬਰ, 2022 ਨੂੰ ਜਾਰਜੀਆ ਅਤੇ 12-13, ਅਕਤੂਬਰ 2022 ਨੂੰ ਕਜ਼ਾਕਿਸਤਾਨ ਗਣਰਾਜ ਦੇ ਅਧਿਕਾਰਤ ਦੌਰੇ 'ਤੇ ਜਾਣਗੇ।

2. ਇਹ ਰਾਜ ਮੰਤਰੀ ਵੱਲੋਂ ਇਹ ਜਾਰਜੀਆ ਦੀ ਪਹਿਲੀ ਫੇਰੀ ਹੋਵੇਗੀ। ਪਿਛਲੇ ਸਾਲ ਹੋਈ ਵਿਦੇਸ਼ ਮੰਤਰੀ ਦੀ ਇਤਿਹਾਸਕ ਫੇਰੀ ਤੋਂ ਬਾਅਦ ਜਾਰਜੀਆ ਨਾਲ ਦੁਵੱਲੇ ਸਬੰਧ ਗੂੜ੍ਹੇ ਹੋਏ ਹਨ। ਇਸ ਦੌਰੇ ਦੌਰਾਨ ਰਾਜ ਮੰਤਰੀ ਦੁਵੱਲੇ ਸਹਿਯੋਗ ਦੇ ਵੱਖ-ਵੱਖ ਪਹਿਲੂਆਂ ਦੀ ਸਮੀਖਿਆ ਕਰਨ ਲਈ ਜਾਰਜੀਆਈ ਵਿਦੇਸ਼ ਮੰਤਰੀ ਅਤੇ ਹੋਰ ਸੀਨੀਅਰ ਹਸਤੀਆਂ ਨਾਲ ਮੁਲਾਕਾਤ ਕਰਨਗੇ। ਉਹ ਜੋ ਦੋਵਾਂ ਦੇਸ਼ਾਂ ਦਰਮਿਆਨ ਅਹਿਮ ਕੜੀ ਯਾਨੀ ਜਾਰਜੀਆ ਵਿੱਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਨਾਲ ਵੀ ਗੱਲਬਾਤ ਕਰਨਗੇ।

3. ਵਿਦੇਸ਼ ਰਾਜ ਮੰਤਰੀ ਅਸਤਾਨਾ (ਕਜ਼ਾਕਿਸਤਾਨ) ਵਿੱਚ ਹੋਣ ਵਾਲੀ ਕਾਨਫਰੰਸ ਆਫ਼ ਇੰਟਰਐਕਸ਼ਨ ਐਂਡ ਕਨਫੀਡੈਂਸ ਬਿਲਡਿੰਗ ਮੇਜ਼ਰਜ਼ ਇਨ ਏਸ਼ੀਆ (CICA) ਦੀ 6ਵੀਂ ਸਿਖਰ ਮੀਟਿੰਗ ਵਿੱਚ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ। CICA ਦੇ ਸੰਸਥਾਪਕ ਮੈਂਬਰ ਹੋਣ ਦੇ ਨਾਤੇ ਭਾਰਤ ਨੇ CICA ਦੀਆਂ ਪਹਿਲਕਦਮੀਆਂ ਦੀ ਹਮਾਇਤ ਕੀਤੀ ਹੈ, ਜਿਨ੍ਹਾਂ ਵਿੱਚ CICA ਦੀਆਂ ਵੱਖ-ਵੱਖ ਗਤੀਵਿਧੀਆਂ ਕਰਾਉਣਾ ਅਤੇ ਉਨ੍ਹਾਂ ਵਿੱਚ ਭਾਗ ਲੈਣਾ ਸ਼ਾਮਲ ਹੈ।

4. CICA ਸਿਖਰ ਸੰਮੇਲਨ ਦੇ ਮੌਕੇ 'ਤੇ MoS ਕਜ਼ਾਕਿਸਤਾਨ ਸਮੇਤ ਹੋਰ ਭਾਗੀਦਾਰ ਦੇਸ਼ਾਂ ਦੇ ਸੀਨੀਅਰ ਪਤਵੰਤਿਆਂ ਅਤੇ ਮੰਤਰੀਆਂ ਨਾਲ ਕੁਝ ਦੁਵੱਲੀ ਮੀਟਿੰਗਾਂ ਵੀ ਕਰਨਗੇ।

5. ਭਾਰਤ ਦੇ ਜਾਰਜੀਆ ਅਤੇ ਕਜ਼ਾਕਿਸਤਾਨ ਨਾਲ ਨੇੜਲੇ ਅਤੇ ਦੋਸਤਾਨਾ ਸਬੰਧ ਹਨ ਜੋ ਸੱਭਿਆਚਾਰਕ ਅਤੇ ਇਤਿਹਾਸਕ ਸਬੰਧਾਂ 'ਤੇ ਆਧਾਰਿਤ ਹਨ। ਰਾਜ ਮੰਤਰੀ ਦੀ ਫੇਰੀ ਭਾਰਤ ਵੱਲੋਂ ਦੋਵਾਂ ਦੇਸ਼ਾਂ ਨਾਲ ਆਪਣੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 30ਵੀਂ ਵਰ੍ਹੇਗੰਢ ਮਨਾਉਂਦਾ ਦੇ ਢੁਕਵੇਂ ਸਮੇਂ 'ਤੇ ਹੋ ਰਹੀ ਹੈ। ਇਸ ਦੌਰੇ ਨਾਲ ਇਨ੍ਹਾਂ ਦੇਸ਼ਾਂ ਨਾਲ ਭਾਰਤ ਦੇ ਦੁਵੱਲੇ ਸਬੰਧਾਂ ਦੀ ਰਫਤਾਰ ਹੋਰ ਮਜ਼ਬੂਤ ਹੋਵੇਗੀ।

ਨਵੀਂ ਦਿੱਲੀ

7 ਅਕਤੂਬਰ, 2022

DISCLAIMER: This is an approximate translation. The original is available in English on MEA's website and may be referred to as the official press release.